ਵੱਲੋ,

ਕਾਰਜਕਾਰੀ ਇੰਜੀਨੀਅਰ,
ਕੇਂਦਰੀ ਕਾਰਜ ਮੰਡਲ ਨੰ.2, ਲੋ:ਨਿ:ਵਿ,
ਭ ਤੇ ਮ ਸਾਖਾ, ਅੰਮ੍ਰਿਤਸਰ।

ਵੱਲ,

ਅਮਪਾਈਰ ਸਟੇਟ ਪਰਮੋਟਰ ਐਂਡ ਡਿਵੈਲਪਰਜ
ਰਾਮ ਤੀਰਥ ਰੋਡ, ਅੰਮ੍ਰਿਤਸਰ।

ਨੰ: 2982 ਮਿਤੀ: 12/01/2021

ਵਿਸ਼ਾ:- **ਪ੍ਰਤੀ ਬੇਨਤੀ ਸੜਕ ਤੋਂ ਕਲੋਨੀ ਤੱਕ ਐਸਸ ਦੇਣ ਸਬੰਧੀ।**

ਹਵਾਲਾ:- ਆਪ ਜੀ ਦੇ ਪੱਤਰ ਨੰ: ਨਿੱਲ ਮਿਤੀ: 30.12.2020 ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਹਵਾਲੇ, ਅਧੀਨ ਪੱਤਰ ਰਾਹੀਂ ਉਪ ਮੰਡਲ ਇੰਜੀਨੀਅਰ ਪ੍ਰਾਂਤਕ ਉਪ ਮੰਡਲ ਨੰ: 4 ਅੰਮ੍ਰਿਤਸਰ ਨੇ ਰਿਪੋਰਟ ਕੀਤੀ ਹੈ ਕਿ ਰੋਡ ਪੁਆਇੰਟ ਆਫ ਵਿਊ ਨਾਲ ਅਮਪਾਈਰ ਸਟੇਟ ਪਰਮੋਟਰ ਐਂਡ ਡਿਵੈਲਪਰਜ ਰਾਮ ਤੀਰਥ ਰੋਡ, **(MDR-65)** ਤਹਿਸੀਲ ਅਤੇ ਜਿਲਾ ਅੰਮ੍ਰਿਤਸਰ ਰੋਡ ਤੋਂ 40 ਫੁੱਟ ਦਾ ਰਸਤਾ ਦੇਣ ਬਾਰੇ ਕੋਈ ਇਤਰਾਜ ਨਹੀਂ ਹੈ। ਇਥੇ ਇਹ ਵੀ ਵਰਨਣ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ ਦੇ ਪੱਤਰ ਨੰ:05/13/2018-3BR3/1294287/3 ਮਿਤੀ: 10/08/2018 ਨਾਲ ਪੰਜ ਸਾਲਾ ਦੀ ਫੀਸ ਡੀ.ਡੀ ਨੰ: 943568 ਮਿਤੀ:08.01.2021 ਰਕਮ 3,00,000/- ਰੁਪਏ ਅਤੇ ਪ੍ਰੋਸੈਸਿੰਗ ਫੀਸ ਡੀ.ਡੀ ਨੰ:943570 ਰਕਮ 10,000/- ਮਿਤੀ: 08.01.2021 ਰਾਹੀਂ ਪ੍ਰਾਪਤ ਕਰ ਲਈ ਗਈ ਹੈ। ਸੋ ਪੰਜ ਸਾਲਾ ਲਈ ਰੋਡ ਅਸੈਸ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾਂ ਮੁਤਾਬਿਕ ਦਿੱਤਾ ਜਾਂਦਾ ਹੈ:-

1. ਮਾਲਕ ਵੱਲੋਂ ਪਾਣੀ ਦੇ ਨਿਕਾਸੀ ਵਾਸਤੇ 2.5 ਫੁੱਟ ਸਲੈਬ ਟਾਈਪ ਕਲਵਰਟ ਸੜਕ ਦੇ ਬਰਮ ਤੇ ਬਣਾਈ ਜਾਵੇ ਤਾਂ ਜੋ ਪਾਣੀ ਦੀ ਨਿਕਾਸੀ ਹੋ ਸਕੇ।
2. ਸੜਕ ਨਾਲੋ ਜਾਦੇਂ ਰਸਤੇ ਦਾ ਲੈਵਲ ਨੀਵਾ ਰੱਖਿਆ ਜਾਵੇ।
3. ਮੇਨ ਸੜਕ ਤੇ ਚੱਲਦੀ ਟ੍ਰੈਫਿਕ ਵਿੱਚ ਕੀ ਵਿਗਨ ਨਹੀਂ ਪੈਣਾ ਚਾਹੀਦਾ ਇਸ ਦੀ ਜੁੰਮੇਵਾਰੀ ਆਪ ਦੀ ਹੋਵੇਗੀ।
4. ਪੁੱਡਾ ਦੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ।
5. ਦਿੱਤੇ ਜਾਣ ਵਾਲੇ 40 ਫੁੱਟ ਦੇ ਰਸਤੇ ਵਿੱਚ ਕੋਈ ਦਰਖਤ ਨਹੀਂ ਹੋਣਾ ਚਾਹੀਦਾ। ਰਸਤਾ ਕੱਢਣ ਤੋਂ ਪਹਿਲਾਂ ਇਸ ਮਹਿਕਮੇ ਦੇ ਫੀਲਡ ਸਟਾਫ ਨਾਲ ਸੰਪਰਕ ਕੀਤਾ ਜਾਵੇ।
6. ਜੇਕਰ ਕਿਸੇ ਕਿਸਮ ਦਾ ਕੋਰਟ ਕੇਸ ਹੁੰਦਾ ਹੈ ਜਾਂ ਕਿਸੇ ਕਿਸਮ ਦੀ ਕੁਤਾਹੀ ਕੀਤੀ ਜਾਂਦੀ ਹੈ ਤਾਂ ਆਪ ਦਾ ਐਨ.ਓ.ਸੀ. ਬਿਨ੍ਹਾਂ ਕਾਰਨ ਦੱਸੇ ਰੱਦ ਕਰ ਦਿੱਤਾ ਜਾਵੇਗਾ, ਜਿਸ ਦੀ ਨਿੱਜੀ ਜਿੰਮੇਵਾਰੀ ਆਪ ਦੀ ਹੋਵੇਗੀ।

ਨੱਥੀ: ਨਿੱਲ

ਕਾਰਜਕਾਰੀ ਇੰਜੀਨੀਅਰ,
ਕੇਂਦਰੀ ਕਾਰਜ ਮੰਡਲ ਨੰ.2, ਲੋ:ਨਿ:ਵਿ,
ਭ ਤੇ ਮ ਸਾਖਾ, ਅੰਮ੍ਰਿਤਸਰ।

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ ਨੰ: 4, ਅੰਮ੍ਰਿਤਸਰ ਨੂੰ ਉਹਨਾਂ ਦੇ ਪੱਤਰ ਨੰ:326 ਮਿਤੀ: 06.01.2021 ਦੇ ਹਵਾਲੇ ਅਧੀਨ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਕੇਂਦਰੀ ਕਾਰਜ ਮੰਡਲ ਨੰ.2, ਲੋ:ਨਿ:ਵਿ,
ਭ ਤੇ ਮ ਸਾਖਾ, ਅੰਮ੍ਰਿਤਸਰ।